ਐਸ ਬੀ ਐਸ ਸਕੂਲ ਦੇ ਬੱਚਿਆਂ ਨੇ ਮਨਾਇਆ ਬਾਲ ਦਿਵਸ

ਆਜ਼ਾਦ ਸੋਚ, ਵਿਬੋਰ ਗਰਗ, ਬਰਨਾਲਾ, 14 ਨਵੰਬਰ :

==========

ਬਾਲ ਦਿਵਸ ਦੀ ਉਡੀਕ ਬੱਚੇ ਬੇਸਬਰੀ ਨਾਲ ਕਰਦੇ ਹਨ। ਇਸ ਲਈ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ 'ਚ ਬੱਚਿਆਂ ਵੱਲੋਂ ਜਵਾਹਰ ਲਾਲ ਨਹਿਰੂ ਦੇ ਜਨਮ ਤੇ ਅਧਿਆਪਕ ਗੁਰਪ੍ਰੀਤ ਕੌਰ ਦੀ ਦੇਖ-ਰੇਖ ਵਿੱਚ ਵਿਸ਼ੇਸ਼ ਪ੍ਰੋਗਰਾਮ 'ਬਾਲ ਦਿਵਸ' ਮਨਾਇਆ ਗਿਆ। ਜਿਸ ਦੀ ਸ਼ੁਰੂਆਤ ਅਧਿਆਪਕ ਗੁਰਪ੍ਰੀਤ ਕੌਰ ਨੇ ਕੀਤੀ, ਉਨਾਂ ਨੇ ਬੱਚਿਆਂ ਨੂੰ ਇਸ ਬਾਲ ਦਿਵਸ ਦੇ ਮਹੱਤਵ ਬਾਰੇ ਦੱਸਿਆ ਕਿ ਬਾਲ ਦਿਵਸ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਤੇ ਮਨਾਇਆ ਜਾਂਦਾ ਹੈ ਕਿਓਂਕਿ ਪੰਡਿਤ ਜਵਾਹਰ ਲਾਲ ਨਹਿਰੂ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਉਨਾਂ ਨੇ ਜਵਾਹਰ ਲਾਲ ਨਹਿਰੂ ਦੇ ਜੀਵਨ ਦੀਆਂ ਕੁਝ ਘਟਨਾਵਾ ਬਾਰੇ ਵੀ ਬੱਚਿਆਂ ਨੂੰ ਦੱਸਿਆ ਅਤੇ ਬੱਚਿਆ ਨੂੰ ਦੇਸ਼ ਦੇ ਮਹਾਨ ਸਖਸੀਅਤਾ ਦੀਆਂ ਜੀਵਨੀਆਂ ਪੜਨ ਲਈ ਵੀ ਪ੍ਰੇਰਿਤ ਕੀਤਾ। ਇਸ ਤੋ ਬਾਅਦ ਬੱਚਿਆਂ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਜੀਵਨੀ ਬਾਰੇ ਆਪਣੇ ਆਪਣੇ ਭਾਸ਼ਣ ਦਿੱਤੇ। ਬਾਲ ਦਿਵਸ ਨੂੰ ਸਮਰਪਿਤ ਸਾਰੇ ਅਧਿਆਪਕਾਂ ਵੱਲੋ ਨਾਟਕ ਪੇਸ਼ ਕੀਤ ਗਿਆ ਜਿਸ ਵਿੱਚ ਉਨਾਂ ਨੇ ਬੱਚਿਆਂ ਦੀ ਰੂਪ ਰੇਖਾ ਅਤੇ ਬੱਚਿਆਂ ਅਤੇ ਅਧਿਆਪਕ ਦੇ ਪਿਆਰ ਨੂੰ ਦਰਸਾਇਆ। ਸਾਰੇ ਬੱਚਿਆਂ ਨੇ ਅਧਿਆਪਕਾਂ ਵੱਲੋਂ ਪੇਸ਼ ਕੀਤੇ ਨਾਟਕ ਦੀ ਖੂਬ ਪ੍ਰਸ਼ੰਸਾ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਅਤੇ ਡਾ. ਸੰਜੇ ਕੁਮਾਰ ਨੇ ਸਾਰੇ ਬੱਚਿਆਂ ਨੂੰ ਬਾਲ ਦਿਵਸ ਦੀਆਂ ਵਧਾਈਆ ਦਿੱਤੀਆ ਅਤੇ ਉਨਾਂ ਨੇ ਬੱਚਿਆਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੀ ਜੀਵਨੀ 'ਚੋ ਚੰਗੇ ਵਿਚਾਰ ਆਪਣੀ ਜਿੰਦਗੀ ਵਿੱਚ ਅਪਣਾਉਣ ਲਈ ਵੀ ਕਿਹਾ। ਉਨਾਂ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ ਜੇਕਰ ਉਹ ਅੱਜ ਕੁਝ ਚੰਗਾ ਸਿੱਖਦੇ ਹਨ ਤਾਂ ਅੱਗੇ ਜਾ ਕੇ ਆਪਣਾ ਦੇਸ਼ ਸੰਭਾਲ ਸਕਨਗੇ।

ਐਸ.ਡੀ. ਸਕੂਲ ਕੱਟੂ ਵਿਖੇ ਕੇਕ ਕੱਟ ਕੇ ਮਨਾਇਆ ਗਿਆ 'ਬਾਲ ਦਿਵਸ'

ਆਜ਼ਾਦ ਸੋਚ, ਚੰਦ ਸਿੰਘ ਬੰਗੜ, ਬਰਨਾਲਾ, 14 ਨਵੰਬਰ :

==============

ਸ਼੍ਰੀ ਦਸਮੇਸ਼ ਪਬਲਿਕ ਸੀਨੀ. ਸੈਕੰ. ਸਕੂਲ, ਕੱਟੂ (ਬਰਨਾਲਾ) ਵਿਖੇ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਦੇ ਮੌਕੇ ਤੇ ਬੱਚਿਆਂ ਵੱਲੋਂ ਕੇਕ ਕੱਟ ਕੇ'ਬਾਲ ਦਿਵਸ' ਮਨਾਇਆ ਗਿਆ। ਜਿਸ ਵਿੱਚ ਛੋਟੀਆਂ ਜਮਾਤਾਂ ਦੇ ਵਿਦਿਆਥੀਆਂ ਨੇ ਹਿੱਸਾ ਲਿਆ। ਸਭ ਤੋਂ ਪਹਿਲਾ ਚਾਚਾ ਨਹਿਰੂ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ। ਵਿਦਿਆਰਥੀਆਂ ਨੇ ਜੋਸ਼ ਅਤੇ ਉਤਸ਼ਾਹ ਨਾਲ ਭਰਪੂਰ ਡਾਂਸ ਕੀਤਾ ਅਤੇ ਗੀਤ ਵੀ ਪੇਸ਼ ਕੀਤੇ ਇਸ ਮੌਕੇ ਮੌਜੂਦ ਸਕੂਲ ਦੇ ਡਾਇਰੈਕਟਰ ਸਰ ਭਗਵੰਤ ਸਿੰਘ ਧਾਲੀਵਾਲ ਤੇ ਡਾਇਰੈਕਟਰ ਮੈਡਮ ਰਵਿੰਦਰ ਕੌਰ ਚੰਬਲ ਜੀ ਅਤੇਪ੍ਰਿੰਸੀਪਲ ਸ੍ਰੀਮਤੀ ਅਰਚਨਾ ਦੱਤ ਨੇ ਵਿਦਿਆਰਥੀਆਂ ਨੂੰ ਜਿੰਮੇਵਾਰ ਨਾਗਰਿਕ ਬਣਨ ਅਤੇ ਚਾਚਾ ਨਹਿਰੂ ਦੇ ਦੱਸੇ ਹੋਏ ਰਸਤੇ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ।

ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ

ਆਜ਼ਾਦ ਸੋਚ, ਸੁਮਿਤ ਗੁਪਤਾ, ਹੰਡਿਆਇਆ, 14 ਨਵੰਬਰ :

===============

ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਪੰਜਾਬ ਆਈ ਟੀ ਵਿਖੇ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਤੇ ਪਰਿਵਾਰ ਵੱਲੋਂ ਬੇਬੇ ਗੁਰਦਿਆਲ ਕੌਰ ਤੇ ਬਾਪੂ ਹਰਚੰਦ ਸਿੰਘ ਟੱਲੇਵਾਲੀਆ ਦੀ ਨਿੱਘੀ ਯਾਦ ਨੂੰ ਸਮਰਪਿਤ ਛੇਵਾਂ ਪੁਰਸਕਾਰ ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਨੂੰ ਦਿੱਤਾ ਗਿਆ । ਸਨਮਾਨ ਸਮਾਰੋਹ ਬਾਰੇ ਗੱਲਬਾਤ ਕਰਦਿਆਂ ਕਹਾਣੀਕਾਰ ਜਸਵੀਰ ਕਲਸੀ ਨੇ ਕਿਹਾ ਕਿ ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨਾ ਸਭਾਵਾਂ ਦਾ ਫ਼ਰਜ਼ ਹੈ । ਮਾਲਵਾ ਸਾਹਿਤ ਸਭਾ ਵੱਲੋਂ ਆਪਣੇ ਵਡੇਰਿਆਂ ਨੂੰ ਯਾਦ ਕਰਦਿਆਂ ਸਾਹਿਤਕਾਰਾਂ ਨੂੰ ਸਨਮਾਨਿਤ ਕਰਨ ਦੀ ਪਾਈ ਪਿਰਤ ਬਹੁਤ ਸ਼ਲਾਘਾਯੋਗ ਕਾਰਜ ਹੈ। ਕਹਾਣੀਕਾਰ ਪਵਨ ਪਰਿੰਦਾ ਨੇ ਕਿਹਾ ਕਿ ਇਹ ਸਨਮਾਨ ਗੁਰਮੀਤ ਕੜਿਆਲਵੀ ਨੂੰ ਉਸ ਦੀਆਂ ਕਿਰਤੀਆਂ, ਹਾਸ਼ੀਏ ਤੇ ਧੱਕੇ ਲੋਕਾਂ ਅਤੇ ਦੱਬੇ ਕੁਚਲੇ ਲੋਕਾਂ ਦੀ ਆਵਾਜ਼ ਨੂੰ ਆਪਣੀਆਂ ਲਿਖਤਾਂ ਰਾਹੀਂ ਬੁਲੰਦ ਕਰਨ ਕਰਕੇ ਲੋਕਾਂ ਦੀ ਕਚਹਿਰੀ ਵਿੱਚ ਦਿੱਤਾ ਗਿਆ ਸਨਮਾਨ ਹੈ ਜੋ ਕਿਸੇ ਵੀ ਸਰਕਾਰੀ ਸਨਮਾਨ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ। ਸਮਾਗਮ ਦੇ ਦੂਜੇ ਪੜਾਅ ਦੌਰਾਨ ਪੰਜਾਬੀ ਕਵਿੱਤਰੀ ਰਜਨੀਸ਼ ਕੌਰ ਬਬਲੀ ਦੇ ਕਾਵਿ ਸੰਗ੍ਰਹਿ ਪ੍ਰਥਮ ਪੁਲਾਂਘ ਉੱਤੇ ਗੋਸ਼ਟੀ ਕਰਵਾਈ ਗਈ। ਜਿਸ ਬਾਰੇ ਪੇਪਰ ਪੜਦਿਆਂ ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਪੁਸਤਕ ਵਿੱਚ ਰਜਨੀਸ਼ ਕੌਰ ਬਬਲੀ ਨੇ ਨਾਰੀ ਮਨ ਦੀ ਸੰਵੇਦਨਾ ਨੂੰ ਬਹੁਤ ਢੁੱਕਵੇਂ ਲਫ਼ਜ਼ਾਂ ਵਿੱਚ ਬਿਆਨ ਕੀਤਾ ਹੈ । ਡਾ ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ ਰਜਨੀਸ਼ ਕੌਰ ਬਬਲੀ ਦੀਆਂ ਕਵਿਤਾਵਾਂ ਸਮਾਜਿਕ ਸਰੋਕਾਰਾਂ ਨੂੰ ਨਵੇਂ ਰੂਪ ਚ ਬਿਆਨ ਕਰਦੀਆਂ ਉਪਦੇਸ਼ਮਈ ਕਵਿਤਾਵਾਂ ਹਨ ।ਇਨਾਂ ਤੋਂ ਇਲਾਵਾ ਜੁਗਰਾਜ ਧੌਲਾ, ਦਰਸ਼ਨ ਸਿੰਘ ਗੁਰੂ, ਕੰਵਰਜੀਤ ਭੱਠਲ, ਸਾਗਰ ਸਿੰਘ ਸਾਗਰ, ਖੋਜ ਅਫ਼ਸਰ ਬਿੰਦਰ ਸਿੰਘ ਖੁੱਡੀ ਕਲਾਂ, ਡਾ ਅਮਨਦੀਪ ਸਿੰਘ ਟੱਲੇਵਾਲੀਆ ਅਤੇ ਗੁਰਜੰਟ ਸਿੰਘ ਪੰਜਾਬੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਮਾ ਸੁਰਜੀਤ ਸਿੰਘ ਦਿਹੜ, ਰਾਮ ਸਰੂਪ ਸ਼ਰਮਾ, ਸੁਖਵਿੰਦਰ ਸਿੰਘ ਸਨੇਹ, ਹਾਕਮ ਰੂੜੇਕੇ, ਪਾਲ ਸਿੰਘ ਲਹਿਰੀ, ਤੇਜਿੰਦਰ ਚੰਡਿਹੋਕ, ਮਾਲਵਿੰਦਰ ਸ਼ਾਇਰ, ਸਿੰਦਰ ਧੌਲਾ, ਦੀਪਕ ਸਿੰਗਲਾ, ਮਮਤਾ ਸੇਤੀਆ ਸੇਖਾ, ਰਜਨੀਸ਼ ਕੌਰ ਬਬਲੀ, ਡਾ ਹਰਪ੍ਰੀਤ ਰੂਬੀ, ਅੰਜਨਾ ਮੈਨਨ, ਮਨਦੀਪ ਕੌਰ ਭਦੌੜ, ਚਰਨ ਸਿੰਘ ਭਦੌੜ, ਜਸਪਾਲ ਸਿੰਘ ਪਾਲੀ, ਮੇਜਰ ਸਿੰਘ ਰਾਜਗੜ, ਸੁਦਾਗਰ ਸਿੰਘ ਟੱਲੇਵਾਲੀਆ, ਜਗਜੀਤ ਗੁਰਮ, ਸਰੂਪ ਚੰਦ ਹਰੀਗੜ, ਪਰਗਟ ਸਿੰਘ ਕਾਲੇਕੇ, ਦਲਵਾਰ ਸਿੰਘ ਧਨੌਲਾ, ਸੁਖਵਿੰਦਰ ਸਿੰਘ ਆਜ਼ਾਦ, ਜਗਜੀਤ ਕੌਰ ਢਿੱਲਵਾਂ, ਰਾਜਿੰਦਰ ਸ਼ੌਂਕੀ, ਗੁਰਚਰਨ ਸਿੰਘ ਭੋਤਨਾ, ਜਸਵਿੰਦਰ ਧਰਮਕੋਟ, ਹਾਕਮ ਸਿੰਘ ਨੂਰ, ਨਵਗੁਲਸ਼ਨ ਸਿੰਘ, ਬੂਟਾ ਖ਼ਾਨ ਸੁੱਖੀ, ਗੁਰਮੀਤ ਸਿੰਘ ਰਾਮਪੁਰੀ, ਜੁਗਰਾਜ ਚੰਦ ਰਾਏਸਰ, ਰਾਮ ਸਿੰਘ ਹਠੂਰ, ਮਨਜੀਤ ਸਿੰਘ ਸਾਗਰ, ਰਘਵੀਰ ਸਿੰਘ ਗਿੱਲ ਕੱਟੂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ।

ਲਾਲ ਬਹਾਦੁਰ ਸ਼ਾਸਤਰੀ ਕਾਲਜ ਵਿਖੇ ਸਮਾਜਿਕ ਉੱਦਮਤਾ ਸਬੰਧੀ ਇਕ ਰੋਜ਼ਾ ਜ਼ਿਲ੍ਹਾ ਪੱਧਰੀ ਵਰਕਸ਼ਾਪ ਲਗਾਈ ਗਈ

ਆਜ਼ਾਦ ਸੋਚ, ਬਲਜੀਤ ਕੌਰ ਚੋਪੜਾ, ਕੈਰੇ, ਬਰਨਾਲਾ, 14 ਨਵੰਬਰ :

=============

ਲਾਲਾ ਬਹਾਦੁਰ ਸ਼ਾਸਤਰੀ ਆਰਿਆ ਕਾਲਜ ਵਿਖੇ ਸਮਾਜਿਕ ਉੱਦਮਤਾ ਸਬੰਧੀ ਇੱਕ ਰੋਜ਼ਾ ਜ਼ਿਲਾ ਪੱਧਰੀ ਵਰਕਸ਼ਾਪ ਲਗਾਈ ਗਈ। ਇਹ ਵਰਕਸ਼ਾਪ ਕਿੱਤਾ ਮੁਖੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਦਿਸ਼ਾ ਨਿਰਦੇਸ਼ ਅਨੁਸਾਰ ਵੱਲੋਂ ਲਗਾਈ ਗਈ। ਮਹਾਤਮਾ ਗਾਂਧੀ ਕੌਮੀ ਕੌਂਸਲ ਗ੍ਰਾਮੀਣ ਸਿੱਖਿਆ, ਭਾਰਤ ਸਰਕਾਰ ਵੱਲੋਂ ਕਰਵਾਈ ਗਈ ਇਸ ਵਰਕਸ਼ਾਪ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਕਿੱਤਾ ਮੁਖੀ ਸਿੱਖਿਆ ਲਈ ਉਤਸ਼ਾਹਿਤ ਕਰਨਾ ਹੈ। ਸਹਾਇਕ ਕਮਿਸ਼ਨਰ (ਜ) ਸੁਖਪਾਲ ਸਿੰਘ ਅਤੇ ਸਮਰਥ ਸ਼ਰਮਾ ਕੰਸਲਟੈਂਟ ਉੱਚ ਸਿੱਖਿਆ ਮੰਤਰਾਲਾ ਭਾਰਤ ਸਰਕਾਰ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਸੁਖਪਾਲ ਸਿੰਘ ਨੇ ਕਿਹਾ ਕਿ ਹਰ ਇਕ ਵਿਦਿਆਰਥੀ ਪ੍ਰਤਿਭਾਸ਼ਾਲੀ ਹੁੰਦਾ ਹੈ। ਉਹਨਾਂ ਕਿਹਾ ਕਿ ਇਸ ਪ੍ਰਤਿਭਾ ਨੂੰ ਵਿਕਸਿਤ ਕਰਕੇ ਇਸ ਨੂੰ ਕਿੱਤਾ ਮੁਖੀ ਸਿੱਖਿਆ ਨਾਲ ਚਲਾਉਣਾ ਚਾਹੀਦਾ ਹੈ। ਇਸ ਨਾਲ ਨੌਜਵਾਨ ਆਰਥਿਕ ਤੌਰ ਉੱਤੇ ਸੁਤੰਤਰ ਹੋਣਗੇ ਅਤੇ ਉਹਨਾਂ ਦਾ ਆਤਮ ਵਿਸ਼ਵਾਸ ਵਧੇਗਾ। ਸਮਰੱਥ ਸ਼ਰਮਾ ਨੇ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਹੇਠ ਚਲਾਏ ਜਾ ਰਹੇ ਵੱਖ ਵੱਖ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੇਹਮਾਨਾਂ ਦਾ ਸੁਆਗਤ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਨੀਲਮ ਸ਼ਰਮਾ ਨੇ ਕਿਹਾ ਕਿ ਕਾਲਜ ਵੱਲੋਂ ਹੱਦ ਸੰਭਵ ਯਤਨ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਆਪਣੇ ਪੈਰਾਂ ਉੱਤੇ ਖੜੇ ਹੋਣ। ਇਸ ਮੌਕੇ ਆਏ ਹੋਏ ਮਹਿਮਾਨਾਂ ਨੂੰ ਕਾਲਜ ਦੀ ਝਲਕ ਪੀ. ਪੀ. ਟੀ. ਰਾਹੀਂ ਵਖਾਈ ਗਈ। ਇਸ ਮੌਕੇ ਇਸ ਸਮਾਗਮ ਦਾ ਪੋਸਟਰ ਵੀ ਰੀਲੀਜ਼ ਕੀਤਾ ਗਿਆ। ਇਸ ਮੌਕੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਪਰਮਜੀਤ ਸਿੰਘ, ਪਰਵੇਸ਼ ਗੋਇਲ ਬੀ ਡੀ ਪੀ ਓ ਬਰਨਾਲਾ, ਸੁਖਦੀਪ ਸਿੰਘ ਬੀ ਡੀ ਪੀ ਓ ਸਹਿਣਾ, ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ ਸੂਰਯ ਕਾਂਤ ਸ਼ਰਮਾ, ਸਕੱਤਰ ਕੇਵਲ ਜਿੰਦਲ, ਵੱਖ ਵੱਖ ਕਾਲਜਾਂ ਦੇ ਨੋਡਲ ਅਫਸਰ ਅਤੇ ਹੋਰ ਲੋਕ ਮੌਜੂਦ ਸਨ।

ਫੋਟੋ--14—1ਸੀਲਾਲ ਬਹਾਦੁਰ ਸ਼ਾਸਤਰੀ ਕਾਲਜ ਵਿਖੇ ਸਮਾਜਿਕ ਉੱਦਮਤਾ ਸਬੰਧੀ ਇਕ ਰੋਜ਼ਾ ਜ਼ਿਲਾ ਪੱਧਰੀ ਵਰਕਸ਼ਾਪ ਲਗਾਈ ਗਈ

ਬਰਨਾਲਾ, 14 ਨਵੰਬਰ (ਬਲਜੀਤ ਕੌਰ ਚੋਪੜਾ/ਕੈਰੇ) ਲਾਲਾ ਬਹਾਦੁਰ ਸ਼ਾਸਤਰੀ ਆਰਿਆ ਕਾਲਜ ਵਿਖੇ ਸਮਾਜਿਕ ਉੱਦਮਤਾ ਸਬੰਧੀ ਇੱਕ ਰੋਜ਼ਾ ਜ਼ਿਲਾ ਪੱਧਰੀ ਵਰਕਸ਼ਾਪ ਲਗਾਈ ਗਈ। ਇਹ ਵਰਕਸ਼ਾਪ ਕਿੱਤਾ ਮੁਖੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਦੇ ਦਿਸ਼ਾ ਨਿਰਦੇਸ਼ ਅਨੁਸਾਰ ਵੱਲੋਂ ਲਗਾਈ ਗਈ। ਮਹਾਤਮਾ ਗਾਂਧੀ ਕੌਮੀ ਕੌਂਸਲ ਗ੍ਰਾਮੀਣ ਸਿੱਖਿਆ, ਭਾਰਤ ਸਰਕਾਰ ਵੱਲੋਂ ਕਰਵਾਈ ਗਈ ਇਸ ਵਰਕਸ਼ਾਪ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਕਿੱਤਾ ਮੁਖੀ ਸਿੱਖਿਆ ਲਈ ਉਤਸ਼ਾਹਿਤ ਕਰਨਾ ਹੈ। ਸਹਾਇਕ ਕਮਿਸ਼ਨਰ (ਜ) ਸੁਖਪਾਲ ਸਿੰਘ ਅਤੇ ਸਮਰਥ ਸ਼ਰਮਾ ਕੰਸਲਟੈਂਟ ਉੱਚ ਸਿੱਖਿਆ ਮੰਤਰਾਲਾ ਭਾਰਤ ਸਰਕਾਰ ਨੇ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਸੁਖਪਾਲ ਸਿੰਘ ਨੇ ਕਿਹਾ ਕਿ ਹਰ ਇਕ ਵਿਦਿਆਰਥੀ ਪ੍ਰਤਿਭਾਸ਼ਾਲੀ ਹੁੰਦਾ ਹੈ। ਉਹਨਾਂ ਕਿਹਾ ਕਿ ਇਸ ਪ੍ਰਤਿਭਾ ਨੂੰ ਵਿਕਸਿਤ ਕਰਕੇ ਇਸ ਨੂੰ ਕਿੱਤਾ ਮੁਖੀ ਸਿੱਖਿਆ ਨਾਲ ਚਲਾਉਣਾ ਚਾਹੀਦਾ ਹੈ। ਇਸ ਨਾਲ ਨੌਜਵਾਨ ਆਰਥਿਕ ਤੌਰ ਉੱਤੇ ਸੁਤੰਤਰ ਹੋਣਗੇ ਅਤੇ ਉਹਨਾਂ ਦਾ ਆਤਮ ਵਿਸ਼ਵਾਸ ਵਧੇਗਾ। ਸਮਰੱਥ ਸ਼ਰਮਾ ਨੇ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਹੇਠ ਚਲਾਏ ਜਾ ਰਹੇ ਵੱਖ ਵੱਖ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੇਹਮਾਨਾਂ ਦਾ ਸੁਆਗਤ ਕਰਦਿਆਂ ਕਾਲਜ ਦੇ ਪ੍ਰਿੰਸੀਪਲ ਡਾ ਨੀਲਮ ਸ਼ਰਮਾ ਨੇ ਕਿਹਾ ਕਿ ਕਾਲਜ ਵੱਲੋਂ ਹੱਦ ਸੰਭਵ ਯਤਨ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਆਪਣੇ ਪੈਰਾਂ ਉੱਤੇ ਖੜੇ ਹੋਣ। ਇਸ ਮੌਕੇ ਆਏ ਹੋਏ ਮਹਿਮਾਨਾਂ ਨੂੰ ਕਾਲਜ ਦੀ ਝਲਕ ਪੀ. ਪੀ. ਟੀ. ਰਾਹੀਂ ਵਖਾਈ ਗਈ। ਇਸ ਮੌਕੇ ਇਸ ਸਮਾਗਮ ਦਾ ਪੋਸਟਰ ਵੀ ਰੀਲੀਜ਼ ਕੀਤਾ ਗਿਆ। ਇਸ ਮੌਕੇ ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ ਪਰਮਜੀਤ ਸਿੰਘ, ਪਰਵੇਸ਼ ਗੋਇਲ ਬੀ ਡੀ ਪੀ ਓ ਬਰਨਾਲਾ, ਸੁਖਦੀਪ ਸਿੰਘ ਬੀ ਡੀ ਪੀ ਓ ਸਹਿਣਾ, ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਡਾ ਸੂਰਯ ਕਾਂਤ ਸ਼ਰਮਾ, ਸਕੱਤਰ ਕੇਵਲ ਜਿੰਦਲ, ਵੱਖ ਵੱਖ ਕਾਲਜਾਂ ਦੇ ਨੋਡਲ ਅਫਸਰ ਅਤੇ ਹੋਰ ਲੋਕ ਮੌਜੂਦ ਸਨ।

ਦੇਸ਼ ਭਗਤ ਯਾਦਗਾਰ ਵੱਲੋ ਚੇਤਨਾ ਪਰਖ ਪ੍ਰੀਖਿਆ ਦਾ ਨਤੀਜਾ ਐਲਾਨਿਆ

ਆਜ਼ਾਦ ਸੋਚ, ਡਾ. ਰਾਕੇਸ਼ ਪੁੰਜ, ਬਰਨਾਲਾ, 14 ਨਵੰਬਰ :

===============

ਮਾਲਵੇ ਦੀ ਪ੍ਰਸਿੱਧ ਸੰਸਥਾ ਦੇਸ਼ ਭਗਤ ਯਾਦਗਾਰ ਲੌਂਗੋਵਾਲ ਵੱਲੋ ਭਗਤ ਸਿੰਘ ਦੇ ਜਨਮ ਦਿਵਸ ਤੇ ਆਯੋਜਿਤ ਚੇਤਨਾ ਪਰਖ ਪ੍ਰੀਖਿਆ ਦਾ ਨਤੀਜਾ ਅੱਜ ਦੇਸ਼ ਭਗਤ ਯਾਦਗਾਰ ਕੈਂਪਸ ਵਿਖੇ ਐਲਾਨ ਦਿੱਤਾ ਗਿਆ ।ਸੰਸਥਾ ਦੇ ਆਗੂਆਂ ਜੁਝਾਰ ਲੌਂਗੋਵਾਲ ਅਤੇ ਬਲਵੀਰ ਚੰਦ ਲੌਂਗੋਵਾਲ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਇਸ ਪ੍ਰੀਖਿਆ ਦਾ ਮੁਖ ਮੰਤਵ ਵਿਦਿਆਰਥੀਆਂ ਵਿੱਚ ਵਿਗਿਆਨਕ ਅਤੇ ਤਰਕਸ਼ੀਲ ਚੇਤਨਾ ਦਾ ਪਾਸਾਰ ਕਰਨ ਦੇ ਨਾਲ ਇਨਕਲਾਬੀ ਵਿਰਸੇ ਅਤੇ ਲੋਕ ਨਾਇਕਾ ਦੇ ਰੂਬਰੂ ਕਰਨਾ ਹੈ।ਕਮਲਜੀਤ ਵਿੱਕੀ, ਕਨਵੀਨਰ ਦੀ ਦੇਖ ਰੇਖ ਹੇਠ ਹੋਈ ਇਸ ਪ੍ਰੀਖਿਆ ਵਿੱਚ ਵੱਡੀ ਪੱਧਰ ਤੇ ਵਿਦਿਆਰਥੀਆਂ ਨੇ ਭਾਗ ਲਿਆ ।ਇਸ ਪ੍ਰੀਖਿਆ ਵਿੱਚ ਅਸੀਰਵਾਦ ਡੇ ਬੋਰਡਿੰਗ ਸਕੂਲ ਝਾੜੋ ਦੇ ਵਿਦਿਆਰਥੀਆਂ ਨੇ ਚਾਰ ਮੋਹਰੀ ਸਥਾਨ ਪ੍ਰਾਪਤ ਕਰਦਿਆਂ ਕਮਾਲ ਦੀ ਕਾਰਜਗਾਰੀ ਦਿਖਾਈ ਜਦੋ ਕਿ ਪੰਜਵਾਂ ਸਥਾਨ ਸਰਕਾਰੀ ਸੀਨੀਅਰ ਸਕੂਲ (ਕੁੜੀਆਂ) ਸੁਨਾਮ ਦੀ ਵਿਦਿਆਰਥਣ ਨੇ ਪ੍ਰਾਪਤ ਕੀਤਾ ਤੇ ਛੇਵਾਂ ਸਥਾਨ ਵੀ ਡੇ ਬੋਰਡਿੰਗ ਪਬਲਿਕ ਸਕੂਲ ਝਾੜੋ ਦੀ ਝੋਲੀ ਪਇਆ। ਇਹਨਾ ਵਿਦਿਆਰਥੀਆਂ ਨੂੰ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਨ 16 ਨਵੰਬਰ ਨੂੰ ਆਯੋਜਿਤ ਹੋਣ ਵਾਲੇ ਮੇਲਾ ਦੇਸ਼ ਭਗਤਾਂ ਦਾ ਵਿੱਚ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ ਜਿਸ ਵਿੱਚ ਦਿਨ ਵੇਲੇ ਵਿਦਿਆਰਥੀਆਂ ਦੇ ਗਾਇਨ ,ਭਾਸ਼ਣ ਅਤੇ ਕੋਰੀਓਗਰਾਫੀ ਮੁਕਾਬਲੇ ਹੋਣਗੇ ਤੇ ਰਾਤ ਭਰ ਨਾਟਕਾਂ ਦਾ ਮੰਚਨ ਹੋਵੇਗਾ ।

ਸੇਂਟ ਪੋਲ ਇੰਟਰਨੈਸ਼ਨਲ ਸਕੂਲ ਬਰਨਾਲਾ ਵਿਖੇ ਲੀਗ ਆਫ਼ ਲੇਜੈਂਡਸ ਖੇਡ ਮੁਕਾਬਲੇ ਕਰਵਾਏ

ਆਜ਼ਾਦ ਸੋਚ, ਕਮਲਦੀਪ ਸਿੰਘ, ਬਰਨਾਲਾ, 14 ਨਵੰਬਰ :

===============

ਬੀਤੇ ਦਿਨੀਂ ਸੇਂਟ ਪੋਲ ਇੰਟਰਨੈਸ਼ਨਲ ਸਕੂਲ ਬਰਨਾਲਾ ਵਿਖੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਹਰਦੀਪ ਕੌਰ ਜੀ ਦੀ ਅਗਵਾਈ ਹੇਠ ਸਕੂਲ ਵਿੱਚ ਲੀਗ ਆਫ਼ ਲੈਜੈਂਡਸ ਖੇਡ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਬੱਚਿਆਂ ਅਤੇ ਬੱਚਿਆਂ ਦੇ ਮਾਪਿਆਂ ਨੇ ਉਤਸ਼ਾਹ ਪੂਰਵਕ ਭਾਗ ਲਿਆ। ਖੇਡ ਮੁਕਾਬਲੇ ਦੀ ਸ਼ੁਰੂਆਤ ਕਰਦੇ ਹੋਏ ਸਭ ਤੋਂ ਪਹਿਲਾਂ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਹਰਦੀਪ ਕੌਰ ਚੇਅਰਮੈਨ ਸ੍ਰੀ ਸੁਰਿੰਦਰ ਬਾਵਾ ਜੀ ਮੈਨੇਜ਼ਮੈਂਟ ਮੈਂਬਰ ਸ੍ਰੀ ਗੁਰਨੈਬ ਸਿੰਘ ਡਾ ਆਲੋਕ ਸਿੰਗਲਾ ਜੀ ਵੱਲੋਂ ਸਮਾ ਜਗਾਈ ਗਈ। ਫਿਰ ਗੁਬਾਰੇ ਹਵਾ ਵਿੱਚ ਉਡਾਉਂਦੇ ਹੋਏ ਸਕੂਲ ਦੇ ਪ੍ਰਿੰਸੀਪਲ ਮੈਡਮ ਵੱਲੋਂ ਇਸ ਈਵੈਂਟ ਨੂੰ ਸ਼ੁਰੂ ਕਰਨ ਦੀ ਆਗਿਆ ਦਿੱਤੀ ਗਈ ਫਿਰ ਵਿਦਿਆਰਥੀਆਂ ਦੀ ਅਨੁਸ਼ਾਸਨ ਅਨੁਸਾਰ ਪਰੇਡ ਕਰਵਾਈ ਗਈ। ਪਹਿਲਾ ਬੱਚਿਆਂ ਵੱਲੋਂ ਯੋਗਾਂ ਦੀਆਂ ਵੱਖ-ਵੱਖ ਮੁਦਰਾਵਾਂ ਕਰਦੇ ਹੋਏ ਯੋਗਾਂ ਕੀਤਾ ਗਿਆ।ਇਸ ਤੋਂ ਬਾਅਦ ਨਰਸਰੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਫਰੌਗ ਰੇਸ ਲਗਾਈ ਗਈ। ਫਿਰ ਕੇ,ਜੀ -1 ਦੇ ਵਿਦਿਆਰਥੀ ਨੇ ਰੇਸ ਲਗਾਈ। ਫਿਰ ਪਹਿਲੀ ਜਮਾਤ ਦੇ ਵਿਦਿਆਰਥੀਆਂ ਨੇ ਗੁਬਾਰਾ ਖੇਡ ਵਿੱਚ ਭਾਗ ਲਿਆ। ਦਾਦਾ-ਦਾਦੀ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਉਨਾਂ ਆਪਣੇ ਪੋਤਾ-ਪੋਤੀ ਨੂੰ ਚੁੱਕ ਕੇ ਦੌੜਨਾ ਸੀ ਇਸ ਤੋਂ ਬਾਅਦ ਦੂਜੀ ਜਮਾਤ ਦੇ ਵਿਦਿਆਰਥੀ ਦੀ ਬੈਲਸ ਖੇਡ ਮੁਕਾਬਲੇ ਕਰਵਾਏ ਗਏ ਫਿਰ ਤੀਸਰੀ ਜਮਾਤ ਦੇ ਵਿਦਿਆਰਥੀਆਂ ਦੀ ਬੋਰੀ ਦੌੜ ਹੋਈ। ਇਸ ਤੋਂ ਬਾਅਦ ਮਾਤਾ-ਪਿਤਾ ਦੀ ਸੂਈ ਧਾਗਾ ਖੇਡ ਮੁਕਾਬਲੇ ਹੋਏ। ਇਸ ਤੋਂ ਬਾਅਦ ਚੌਥੀ ਜਮਾਤ ਦੇ ਵਿਦਿਆਰਥੀਆਂ ਦੀ 100 ਮੀਟਰ ਦੌੜ ਹੋਈ ਫਿਰ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ 200 ਮੀਟਰ ਦੌੜ ਹੋਈ। ਫਿਰ ਬੱਚਿਆਂ ਦੇ ਦਾਦਾ-ਦਾਦੀ ਦੀ ਗੁਬਾਰਾ ਫਲਾਉਣ ਦੇ ਖੇਡ ਮੁਕਾਬਲੇ ਹੋਏ।ਇਸ ਤੋਂ ਬਾਅਦ ਬੱਚਿਆਂ ਦੀਆਂ ਮੰਮੀਆਂ ਦੀ ਘੜਾ ਚੁੱਕ ਕੇ ਦੌੜ ਮੁਕਾਬਲੇ ਹੋਏ। ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਇੱਕ ਨਾਟਕ ਪੇਸ਼ ਕੀਤਾ ਗਿਆ। ਫ਼ਿਰ ਬੱਚਿਆਂ ਦੇ ਮਾਪਿਆਂ ਦਾ ਗੋਲਾ ਸੁੱਟ ਮੁਕਾਬਲੇ ਹੋਏ। ਨਾਲ ਹੀ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਦੀ 400 ਮੀਟਰ ਦੌੜ ਹੋਈ। ਫਿਰ ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਲੰਬੀ ਛਾਲ ਮੁਕਾਬਲੇ ਵਿੱਚ ਭਾਗ ਲਿਆ ਗਿਆ।ਇਸ ਤੋਂ ਬਾਅਦ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਭੰਗੜਾ ਪੇਸ਼ ਕੀਤਾ ਗਿਆ। ਜਿਸ ਨੂੰ ਸਭ ਨੇ ਬਹੁਤ ਪਸੰਦ ਕੀਤਾ ਗਿਆ। ਫਿਰ ਸੱਤਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਗੋਲਾ ਸੁੱਟਿਆਂ ਗਿਆ। ਇਸ ਮੌਕੇ ਮਾਪਿਆਂ ਵਿਚਕਾਰ ਰੱਸਾਕਸ਼ੀ ਮੁਕਾਬਲੇ ਕਰਵਾਏ ਗਏ। ਅੰਤ ਵਿੱਚ ਇਸ ਖੇਡ ਮੁਕਾਬਲੇ ਵਿੱਚ ਪਹਿਲਾਂ, ਦੂਸਰਾ ਤੇ ਤੀਸਰਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਹਰਦੀਪ ਕੌਰ ਜੀ ਸਕੂਲ ਦੇ ਚੇਅਰਮੈਨ ਸ੍ਰੀ ਸੁਰਿੰਦਰ ਬਾਵਾ ਜੀ ਮੈਨੇਜ਼ਮੈਂਟ ਮੈਂਬਰ ਸ੍ਰੀ ਗੁਰਨੈਬ ਸਿੰਘ ਡਾ ਆਲੋਕ ਸਿੰਗਲਾ ਜੀ ਦੁਆਰਾ ਮੈਡਲ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਦੇ ਨਾਲ ਹੀ ਸਕੂਲ ਵਿੱਚ ਸਭ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਹਰਦੀਪ ਕੌਰ ਨੇ ਜਿੱਤਣ ਵਾਲੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਇਸ ਖੇਡ ਮੁਕਾਬਲੇ ਨੂੰ ਸੰਪੂਰਨ ਕਰਨ ਲਈ ਸਭ ਦੇ ਸਹਿਯੋਗ ਲਈ ਉਨਾਂ ਸਭ ਦਾ ਧੰਨਵਾਦ ਕੀਤਾ ਅਤੇ ਸਾਰੇ ਵਿਦਿਆਰਥੀਆਂ ਨੂੰ ਇਸੇ ਤਰਾਂ ਖੇਡਾਂ ਵਿੱਚ ਵੱਧ ਚੜ ਕੇ ਹਿੱਸਾ ਲੈਣ ਦੀ ਪ੍ਰੇਰਨਾ ਦਿੱਤੀ।

ਜਯੋਤਿਸ਼ ਮਹਾਸੰਮੇਲਨ 'ਚ ਪੰਡਿਤ ਰਾਮ ਸ਼ਰਮਾ ਸਨਮਾਨਿਤ

ਆਜ਼ਾਦ ਸੋਚ, ਅਵਤਾਰ ਸਿੰਘ ਕੌਲੀ, ਬਰਨਾਲਾ, 14 ਨਵੰਬਰ :

==============

ਅੰਤਰਰਾਸ਼ਟਰੀ ਪ੍ਰਾਚਯ ਵਿੱਦਿਆ ਅਤਥਾਨ ਸੰਘ ਡੁਵਲ ਲੇਨ ਹੇਵਰਡ ਕੈਲੀਫ਼ੋਰਨੀਆਂ ਯੂ.ਐੱਸ ਵਲੋਂ ਅਯੋਜਿਤ 2 ਰੋਜ਼ਾ ਅੰਤਰਰਾਸ਼ਟਰੀ ਜਯੋਤਿਸ਼ ਤੇ ਪ੍ਰਾਚਯ ਵਿੱਦਿਆ ਮਹਾਸੰਮੇਲਨ ਸ਼੍ਰੀ ਸਵਾਮੀ ਰਾਮਜੀ ਆਸ਼ਰਮ, ਰਾਣੀ ਗਲੀ, ਭੂਪਤ ਵਾਲਾ, ਹਰਿਦੁਆਰਾਰ ਵਿਖੇ ਕਰਵਾਇਆ ਗਿਆ। ਜਿਸ 'ਚ ਬਰਨਾਲਾ ਤੋਂ ਲਾਲ ਕਿਤਾਬ ਦੇ ਮਾਹਿਰ ਪੰਡਿਤ ਰਾਮ ਕੁਮਾਰ ਸ਼ਰਮਾ ਨੂੰ ਉੱਚੇਚੇ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਮਹਾਸੰਮੇਲਨ ਦੇ ਪ੍ਰਬੰਧਕ ਜਯੋਤਿਸ਼ ਤੰਤਰ ਮੰਤਰ ਯੰਤਰ ਸਰਵਗਿਆਮੁਨੀ ਪੰਡਿਤ ਸਤੇਂਦਰ ਭਾਰਦਵਾਜ ਤੇ ਸਹਿ ਸਰਪ੍ਰਸਤ 1008 ਮਹੰਤ ਰਮੇਸ਼ ਦਾਸ ਹਰਿਦੁਆਰ ਤੇ ਡਾ. ਧੀਰਜ ਸਿੰਘ ਪਵਾਰ ਨੇ ਕਿਹਾ ਕਿ ਬਰਨਾਲਾ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਪੰਡਿਤ ਰਾਮ ਕੁਮਾਰ ਸ਼ਰਮਾ ਵਲੋਂ ਜਯੋਤਿਸ਼ ਦੇ ਖੇਤਰ 'ਚ ਆਪਣਾ ਅਹਿਮ ਯੋਗਦਾਨ ਦੇਣ ਲਈ ਉਨਾਂ ਨੂੰ ਟਰਾਫ਼ੀ ਤੇ ਸਰਟੀਫ਼ਿਕੇਟ ਦੇਕੇ ਨਵਾਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਪੰ. ਰਾਮ ਕੁਮਾਰ ਸ਼ਰਮਾ ਪਿਛਲੇ 17 ਸਾਲਾਂ ਤੋਂ ਜਯੋਤਿਸ਼ ਦੇ ਖੇਤਰ 'ਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ, ਜਿੰਨਾਂ ਨੂੰ ਹੁਣ ਤੱਕ ਜਯੋਤਿਸ਼ ਨਾਲ ਸਬੰਧਿਤ ਅਨੇਕਾਂ ਸੰਸਥਾਵਾਂ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਬੀਵੀਐਮ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਨੇ ਬਾਲ ਦਿਵਸ ਮੌਕੇ ਖ਼ੂਬ ਮਸਤੀ ਕੀਤੀ

ਆਜ਼ਾਦ ਸੋਚ, ਕਰਨਦੀਪ ਸਿੰਘ ਕੌਲੀ, ਬਰਨਾਲਾ, 14 ਨਵੰਬਰ :

============

ਬਰਨਾਲਾ ਦੇ ਸਥਾਨਕ ਬੀਵੀਐਮ ਇੰਟਰਨੈਸ਼ਨਲ ਸਕੂਲ ਵਿੱਚ ਬਾਲ ਦਿਵਸ ਮੌਕੇ ਬੱਚਿਆਂ ਨੇ ਖ਼ੂਬ ਮਸਤੀ ਕੀਤੀ। ਬਾਲ ਦਿਵਸ ਬੱਚਿਆਂ ਲਈ ਬਹੁਤ ਖਾਸ ਦਿਨ ਹੁੰਦਾ ਹੈ। ਇਹ ਦਿਨ ਹਰ ਸਾਲ 14 ਨਵੰਬਰ ਨੂੰ ਮਨਾਇਆ ਜਾਂਦਾ ਹੈ ਅਤੇ ਇਹ ਸੁਤੰਤਰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਦਰਸਾਉਂਦਾ ਹੈ। ਇਸ ਦਿਨ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਜਾਂਦਾ ਹੈ। ਬਚਪਨ ਖੁਸ਼ੀਆਂ ਦਾ ਖਜਾਨਾ ਹੁੰਦਾ ਹੈ। ਖੁਸ਼ੀਆਂ ਦੇ ਇਸ ਖਜ਼ਾਨੇ ਨੂੰ ਬਰਕਰਾਰ ਰੱਖਣ ਲਈ ਸਕੂਲ ਵਿੱਚ ਇੱਕ ਵਿਸ਼ਾਲ ਪ੍ਰੋਗਰਾਮ ਕਰਵਾਇਆ ਗਿਆ। ਸਵੇਰੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਡਾਂਸ ਪੇਸ਼ ਕੀਤਾ। ਫਿਰ ਸਕੂਲ ਦੇ ਵਿਹੜੇ ਵਿੱਚ ਬੱਚਿਆਂ ਲਈ ਵੱਖ-ਵੱਖ ਖੇਡਾਂ ਦੇ ਸਟਾਲ, ਖਾਣ-ਪੀਣ ਦੇ ਸਟਾਲ ਅਤੇ ਵੱਖ-ਵੱਖ ਝੂਲੇ ਲਗਾਏ ਗਏ। ਬੱਚਿਆਂ ਨੇ ਵੱਖ-ਵੱਖ ਸਟਾਲਾਂ @ਤੇ ਜਾ ਕੇ ਖੇਡਾਂ ਖੇਡੀਆਂ ਅਤੇ ਇਨਾਮ ਜਿੱਤੇ। ਇਸ ਤੋਂ ਇਲਾਵਾ ਬੱਚਿਆਂ ਨੇ ਤੰਬੋਲਾ ਅਤੇ ਮਿਊਜ਼ੀਕਲ ਚੇਅਰ ਨਾਲ ਖੂਬ ਆਨੰਦ ਮਾਣਿਆ। ਬੱਚਿਆਂ ਨੇ ਸਟੇਜ ਤੇ ਖ਼ੂਬ ਡਾਂਸ ਕੀਤਾ। ਹਰ ਬੱਚੇ ਦੇ ਚਿਹਰੇ @ਤੇ ਪਿਆਰੀ ਮੁਸਕਾਨ ਸੀ। ਬੱਚਿਆਂ ਦੇ ਹੋਰ ਮਨੋਰੰਜਨ ਲਈ ਸੈਲਫੀ ਬੂਥ ਬਣਾਏ ਗਏ ਸਨ। ਜਿੱਥੇ ਬੱਚਿਆਂ ਨੇ ਕਈ ਤਸਵੀਰਾਂ ਖਿਚਵਾਈਆਂ। ਅੱਜ ਬੱਚਿਆਂ ਨੂੰ ਪੜਾਈ ਜਾਂ ਇਮਤਿਹਾਨਾਂ ਦੀ ਚਿੰਤਾ ਨਹੀਂ ਸੀ, ਅੱਜ ਦਾ ਦਿਨ ਉਨਾਂ ਲਈ ਮਸਤੀ ਕਰਨ ਦਾ ਦਿਨ ਸੀ। ਸਕੂਲ ਦੇ ਚੇਅਰਮੈਨ ਸ਼੍ਰੀ ਪ੍ਰਮੋਦ ਅਰੋੜਾ ਜੀ ਨੇ ਸਾਰੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ। ਉਨਾਂ ਦੱਸਿਆ ਕਿ ਇਹ ਦਿਨ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੂੰ ਸਮਰਪਿਤ ਹੈ ਕਿਉਂਕਿ 14 ਨਵੰਬਰ ਨੂੰ ਉਨਾਂ ਦਾ ਜਨਮ ਦਿਨ ਹੈ।ਇਹ ਫੈਸਲਾ ਲਿਆ ਗਿਆ। ਸਕੂਲ ਵਿੱਚ ਬੱਚਿਆਂ ਲਈ ਸ਼ਾਨਦਾਰ ਪ੍ਰੋਗਰਾਮ ਕਰਵਾਇਆ ਗਿਆ ਤਾਂ ਜੋ ਬੱਚੇ ਇਸ ਦਿਨ ਨੂੰ ਯਾਦਗਾਰੀ ਬਣਾ ਸਕਣ। ਉਨਾਂ ਨੇ ਸਾਰੇ ਬੱਚਿਆਂ ਨੂੰ ਕਿਹਾ ਕਿ ਉਹ ਬੱਚਿਆਂ ਦੇ ਵਿਚਕਾਰ ਹੋ ਕੇ ਭਰਪੂਰ ਮਨੋਰੰਜਨ ਕਰਨ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਅਰਾਧਨਾ ਵਰਮਾ ਜੀ ਨੇ ਵੀ ਸਾਰੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਅਤੇ ਉਹਨਾਂ ਨੂੰ ਬਹੁਤ ਮਸਤੀ ਕਰਨ ਲਈ ਕਿਹਾ। ਉਨਾਂ ਕਿਹਾ ਕਿ ਜੇਕਰ ਬੱਚੇ ਖੁਸ਼ ਹੋਣਗੇ ਤਾਂ ਹੀ ਉਹ ਮਨ ਲਗਾ ਕੇ ਪੜਾਈ ਕਰਨਗੇ। ਪੜਾਈ ਦੇ ਨਾਲ-ਨਾਲ ਮਨੋਰੰਜਨ ਵੀ ਬਹੁਤ ਜ਼ਰੂਰੀ ਹੈ। ਉਨਾਂ ਨੇ ਪ੍ਰੋਗਰਾਮ ਵਿੱਚ ਬੱਚਿਆਂ ਨਾਲ ਖੂਬ ਮਸਤੀ ਵੀ ਕੀਤੀ।

ਸ਼ੈਮਰੋਕ ਇੰਟਰਨੈਸ਼ਨਲ ਸਕੂਲ ਵਿੱਚ ਬਾਲ ਦਿਵਸ ਮਨਾਇਆ

ਆਜ਼ਾਦ ਸੋਚ, ਜਗਮੇਲ ਢੱਡਵਾਲ, ਗੁਰਪ੍ਰੀਤ ਸਿੰਘ, ਤਪਾ ਮੰਡੀ/ਭਦੌੜ, 14 ਨਵੰਬਰ :

=================

ਜੈਮਲ ਸਿੰਘ ਵਾਲਾ ਦੇ ਸ਼ੈਮਰੋਕ ਇੰਟਰਨੈਸ਼ਨਲ ਪਬਲਿਕ ਸਕੂਲ ਵਿੱਚ ਚੇਅਰਮੈਨ ਸੁਖਮੀਤ ਸਿੰਘ ਧਾਲੀਵਾਲ ਅਤੇ ਮੈਡਮ ਮਨਪ੍ਰੀਤ ਕੌਰ ਧਾਲੀਵਾਲ ਦੀ ਦੇਖ-ਰੇਖ ਵਿੱਚ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਨੇ ਬੱਚਿਆ ਲਈ ਗੀਤ,ਨਾਟਕ, ਕਵਿਤਾਵਾਂ ਅਤੇ ਡਾਂਸ ਪੇਸ਼ ਕੀਤਾ।ਬੱਚਿਆ ਨੂੰ ਦੱਸਿਆ ਗਿਆ ਕਿ ਬਾਲ ਦਿਵਸ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮਦਿਨ ਮੌਕੇ ਮਨਾਇਆ ਜਾਂਦਾਂ ਹੈ।ਪਿੰਸੀਪਲ ਟੈਰੇਸਾ ਜੋਸਫ ਨੇ ਦੱਸਿਆ ਕਿ ਸਿਖਿਆ ਦੇ ਨਾਲ ਨਾਲ ਸਿਹਤ ਅਤੇ ਮਾਨਸਿਕ ਵਿਕਾਸ ਲਈ ਸਕੂਲ ਵਿੱਚ ਅਜਿਹੇ ਪ੍ਰੋਗਰਾਮ ਹੋਣੇ ਜਰੂਰੀ ਹਨ।

ਨਹਿਰੂ ਯੁਵਾ ਕੇਂਦਰ ਸੰਗਠਨ ਦਾ ਸਥਾਪਨਾ ਦਿਵਸ ਮਨਾਇਆ

ਆਜ਼ਾਦ ਸੋਚ, ਅਸ਼ੋਕ ਪੁਰੀ, ਬਰਨਾਲਾ, 14 ਨਵੰਬਰ :

==============

ਨਹਿਰੂ ਯੁਵਾ ਕੇਂਦਰ ਬਰਨਾਲਾ ਵਲੋਂ ਨਹਿਰੂ ਯੁਵਾ ਕੇਂਦਰ ਸੰਗਠਨ ਦੇ 50 ਸਾਲ ਪੂਰੇ ਹੋਣ ਤੇ ਸਥਾਪਨਾ ਦਿਵਸ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਗਹਿਲ ਵਿਖੇ ਮਨਾਇਆ ਗਿਆ।ਇਸ ਮੌਕੇ ਦੱਸਿਆ ਗਿਆ ਕਿ ਇੰਟੈਂਸਿਵ ਵਲੰਟੀਅਰ ਇੰਰੋਲਮੈਂਟ ਪ੍ਰੋਗਰਾਮ ਤਹਿਤ ਵਲੰਟੀਅਰ ਨਹਿਰੂ ਯੁਵਾ ਕੇਂਦਰ ਬਰਨਾਲਾ ਰਾਹੀਂ ਸਵੱਛਤਾ ਅਭਿਆਨ, ਖੂਨਦਾਨ ਕੈਂਪ, ਆਫਤ ਪ੍ਰਬੰਧਨ, ਆਦਿ ਸਮਾਜ ਭਲਾਈ ਦੇ ਕੰਮਾਂ ਵਿਚ ਭਾਗ ਲੈ ਸਕਦੇ ਹਨ। ਇਸ ਮੌਕੇ ਪ੍ਰਿੰਸੀਪਲ ਹਰਬੰਸ ਕੌਰ ਨੇ ਨਹਿਰੂ ਯੁਵਾ ਕੇਂਦਰ ਬਰਨਾਲਾ ਵਲੋਂ ਕਰਵਾਏ ਪ੍ਰੋਗਰਾਮ ਲਈ ਅਤੇ ਬੱਚਿਆਂ ਨੂੰ ਪ੍ਰੇਰਿਤ ਕਰਨ ਲਈ ਨਹਿਰੂ ਯੁਵਾ ਕੇਂਦਰ ਬਰਨਾਲਾ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਜੀਵਨ ਸਿੰਘ, ਰਘਵੀਰ ਸਿੰਘ, ਡਾ. ਜਨਮੀਤ ਸਿੰਘ, ਡਾ. ਗੁਰਦੀਪ ਕੌਰ, ਪ੍ਰੋ. ਸੰਦੀਪ ਕੌਰ, ਪ੍ਰੋ. ਪਵਨਦੀਪ ਕੌਰ, ਪ੍ਰੋ. ਚਰਨਜੀਤ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਡਿੰਪੀ ਆਦਿ ਹਾਜ਼ਿਰ ਸਨ।

ਵੱਖ ਵੱਖ ਆਗੂਆਂ ਨੇ ਪਿੰਡ ਕੱਟੂ ਵਿਖੇ ਪੁੱਜਣ 'ਤੇ ਭਾਈ ਮਲਕੀਤ ਸਿੰਘ ਚੰਗਾਲ ਦਾ ਕੀਤਾ ਭਰਵਾਂ ਸਵਾਗਤ

ਆਜ਼ਾਦ ਸੋਚ, ਚੰਦ ਸਿੰਘ ਬੰਗੜ, ਧਨੌਲਾ, 14 ਨਵੰਬਰ :

==============

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਦੇ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਗਏ ਭਾਈ ਮਲਕੀਤ ਸਿੰਘ ਚੰਗਾਲ ਦਾ ਪਿੰਡ ਕੱਟੂ ਵਿਖੇ ਪਹੁੰਚਣ ਤੇ ਵਿਸੇਸ ਸਨਮਾਨ ਕੀਤਾ ਗਿਆ। ਇਸ ਮੌਕੇ ਭਾਈ ਗੁਰਜੰਟ ਸਿੰਘ ਕੱਟੂ ਸਿਆਸੀ ਸਕੱਤਰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਆਪਣੇ ਘਰ ਵਿਖੇ ਵਿਸੇਸ ਸਨਮਾਨ ਕੀਤਾ। ਇਸ ਮੌਕੇ ਭਾਈ ਗੁਰਚੇਤ ਸਿੰਘ ਗ੍ਰੰਥੀ ਦੇ ਘਰ ਪੁੱਜਣ ਤੇ ਉਨ੍ਹਾਂ ਵੱਲੋਂ ਵੀ ਵਿਸੇਸ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਪਿੰਡ ਕੱਟੂ ਦੀ ਸਾਬਕਾ ਮੈਂਬਰ ਪੰਚਾਇਤ ਸਹਿਦੇਵ ਸਿੰਘ ਕੱਟੂ, ਚੰਦ ਸਿੰਘ ਬੰਗੜ ਸੰਪਾਦਕ ਨਿਊ ਪੰਜਾਬ ਦੀ ਆਵਾਜ ਦੇ ਗ੍ਰਹਿ ਵਿਖੇ ਪੁੱਜਣ ਤੇ ਵਿਸੇਸ ਸਨਮਾਨ ਤੇ ਵਧਾਈ ਦਿੱਤੀ ਗਈ। ਸਾਰੇ ਆਗੂਆਂ ਨੇ ਖੁਸੀ ਪ੍ਰਗਟ ਕਰਦਿਆਂ ਕਿਹਾ ਕਿ ਭਾਈ ਮਲਕੀਤ ਸਿੰਘ ਚੰਗਾਲ ਅੰਤ੍ਰਿੰਗ ਕਮੇਟੀ ਮੈਂਬਰ ਚੁਣੇ ਜਾਣ ਨਾਲ ਸਾਡੇ ਹਲਕੇ ਅੰਦਰ ਸਿੱਖੀ ਦੇ ਪ੍ਰਚਾਰ ਪ੍ਰਸਾਰ ਅਤੇ ਸਮਾਜਿਕ ਕੁਰੀਤੀਆਂ ਤੋਂ ਸਾਡੇ ਨੌਜਵਾਨਾਂ ਨੂੰ ਦੂਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰਬਾਣੀ ਸਾਡੇ ਦਸ ਗੁਰੂਆਂ ਦੇ ਸਿੱਖੀ ਸਿਧਾਂਤ ਨਾਲ ਜੋੜਿਆ ਜਾਵੇਗਾ ਤਾਂ ਕਿ ਗੁਰਬਾਣੀ ਨਾਲ ਜੁੜ ਕੇ ਗੁਰੂ ਸਾਹਿਬ ਜੀ ਦੀ ਖੁਸੀਆਂ ਪ੍ਰਾਪਤ ਹੋਣਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਵਿੰਦਰ ਸਿੰਘ, ਬੇਅੰਤ ਸਿੰਘ, ਬਾਵਾ ਸਿੰਘ, ਨਛੱਤਰ ਸਿੰਘ ਸੂਬੇਦਾਰ, ਮਲਕੀਤ ਮੀਤਾ, ਪ੍ਰੇਮ ਸਿੰਘ ਆਦਿ ਸਾਮਲ ਸਨ।

ਉੱਤਰ ਰੇਲਵੇ

ਟੈਂਡਰ ਸੂਚਨਾ

ਭੰਡਾਰ ਦੀ ਆਪੂਰਤੀ ਲਈ ਮੰਗ ਟੈਂਡਰ ਇਲੈਕਟ੍ਰੋਨਿਕ ਟੈਂਡਰ ਈ ਪ੍ਰਣਾਲੀ ਦੇ ਅੰਤਰਗਤ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ / ਉੱਤਰ ਰੇਲਵੇ / ਭੰਡਾਰ ਡਿਪੋ / ਯਾਂਤ੍ਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾ ਲਿਖੇ ਮਦਾਂ ਦੇ ਲਈ ਟੈਂਡਰ ਮੰਗ ਕੀਤੀ ਜਾਂਦੀ ਹੈ :-

ਲ. ਨੰ:	ਟੈਂਡਰ ਨੰਬਰ	ਮਾਲ ਦਾ ਵੇਰਵਾ	ਮਾਤਰਾ	ਟੈਂਡਰ ਖੁਲਣ ਦੀ ਮਿਤੀ
01	62225252	Doorway Stiffening Cross Bar for BOXNHL Wagon to RDSO Drg No. WD-09034-S-05-Alt-06, item no. 2	2400 NOS	12.12.2022

ਟੈਂਡਰ ਸ਼ਰਤਾਂ – ireps ਦੀ ਵੈਬਸਾਈਟ www.ireps.gov.in ਉਤੇ ਉਪਲਬਧ ਹੈ । ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਟੈਂਡਰ ਵਿਚ ਭਾਗ ਲੈਣਾ ਅਤੇ ਰਜਿਸਟਰਡ ਕਰਾਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਪ੍ਰਮਾਣਿਤ ਏਜੇਂਸੀ ਤੋਂ ਕਲਾਸ - III ਡਿਜ਼ਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾ ਤੋਂ ਪ੍ਰਾਪਤ ਨਹੀਂ ਕੀਤਾ ਹੈ) ਪ੍ਰਾਪਤ ਕਰਨਾ ਹੋਵੇਗਾ । ਹੱਥ ਨਾਲ ਲਿਖੀ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ।

ਟੈਂਡਰ ਨੋਟਿਸ ਨੰਬਰ : 22/2022-23 ਮਿਤੀ : 12.11.2022

3028/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ICICI Home Finance

ਕਾਰਪੋਰੇਟ ਆਫਿਸ : ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਆਈਸੀਆਈਸੀਆਈ ਐਚਐਫਸੀ ਟਾਵਰ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ-400059, ਇੰਡੀਆ

ਬਰਾਂਚ ਆਫਿਸ : ਪਹਿਲੀ ਮੰਜਿਲ, ਐਸਸੀਓ-146-147, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001

ਬਰਾਂਚ ਆਫਿਸ : ਪਹਿਲੀ ਮੰਜਿਲ, ਜੇਟੀਐਸ ਅਸਟੇਟ, ਸ਼ੋਅਰੂਮ ਨੰ.3, ਭੁਪਿੰਦਰਾ ਰੋਡ, ਪਟਿਆਲਾ-147001

(ਰੂਲ 8(6) ਦੀਆਂ ਹਦਾਇਤਾਂ ਦੇਖੋ)

ਅਚੱਲ ਸੰਪਤੀਆਂ ਦੀ ਵਿੱਕਰੀ ਦਾ ਨੋਟਿਸ

ਸਕਿਓਰਾਈਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਨਾਲ ਪੜ੍ਹੇ ਜਾਂਦੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਦੀਆਂ ਹਦਾਇਤਾਂ ਅਨੁਸਾਰ ਅਚੱਲ ਸੰਪਤੀਆਂ ਦੀ ਈ-ਆਕਸ਼ਨ ਵਿਕਰੀ ਨੋਟਿਸ।

ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਸੰਪਤੀ ਸਕਿਉਰਡ ਕ੍ਰੇਡਿਟਰ ਕੋਲ ਮੋਰਟਗੇਜ/ਚਾਰਜਡ ਹੈ, ਜਿਸਦਾ **ਸੰਕੇਤਿਕ ਕਬਜ਼ਾ** ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ. ਦੇ ਅਧਿਕਾਰਤ ਅਫਸਰ ਨੇ ਲੈ ਲਿਆ ਹੈ, ਨੂੰ ਹੇਠਾਂ ਦਰਸਾਏ ਵੇਰਵਿਆਂ ਅਨੁਸਾਰ 'ਜਿਵੇਂ ਹੈ', 'ਜੋ ਹੈ' ਅਤੇ 'ਜੋ ਵੀ ਮੌਜੂਦ ਹੈ' ਅਧਾਰ 'ਤੇ ਵੇਚੀਆਂ ਜਾਣਗੀਆਂ।

ਲੜੀ ਨੰ. (ੳ)	ਕਰਜ਼ਦਾਰ (†)/ਸਹਿ-ਕਰਜ਼ਦਾਰ/ਜ਼ਾਮਨਾਂ ਦੇ ਨਾਂ/ਕਰਜ਼ ਖਾਤਾ ਨੰਬਰ (ਅ)	ਸੁਰੱਖਿਅਤ ਸੰਪਤੀ ਦੇ ਵੇਰਵੇ (ੲ)	ਬਕਾਇਆ ਰਕਮ (ਰੁਪਏ 'ਚ) (ਸ)	ਰਾਖਵੀਂ ਕੀਮਤ ਤੇ ਬਿਆਨਾ ਰਕਮ (ਰੁਪਇਆਂ ਵਿੱਚ) (ਹ)	ਸੰਪਤੀ ਦੀ ਜਾਂਚ ਦੀ ਮਿਤੀ ਤੇ ਸਮਾਂ (ਕ)	ਨਿਲਾਮੀ ਦੀ ਮਿਤੀ ਤੇ ਸਮਾਂ (ਖ)
1	ਮੁਹੰਮਦ ਨਾਜ਼ਿਮ ਮਲਿਕ (ਕਰਜ਼ਦਾਰ) ਮੁਹੰਦ ਸਿਦੀਕ (ਸਹਿ ਕਰਜ਼ਦਾਰ) ਅਫਰੋਜ਼ ਬੇਗਮ (ਸਹਿ ਕਰਜ਼ਦਾਰ) ਲੋਨ ਅਕਾਊਂਟ ਨੰ. LHLUD00001313838	ਪਲਾਟ ਨੰ.40 ਖਸਰਾ ਨੰ.6589/609/2 ਖਾਤਾ ਨੰ.2745/3169, ਜਮਾਂਬੰਦੀ ਸਾਲ 2006-2007 ਵਾਕਿਆ ਤਰਫ ਪੀਰੂ ਬੰਦਾ, ਹਦਬਸਤ ਨੰ.167 ਤਹਿ. ਤੇ ਜਿਲ੍ਹਾ ਲੁਧਿਆਣਾ ਅਬਾਦੀ ਚੰਦਰ, ਨਗਰ ਲੁਧਿਆਣਾ ਪੰਜਾਬ 141005	ਰੁ. 12,91,873/ 10 ਨਵੰਬਰ 2022	ਰੁ 11,86,584/- ਰੁ 1,18,660/-	13 ਦਸੰਬਰ 2022 ਤੋਂ ਸਵੇਰੇ 11:00 ਵਜੇ ਤੋਂ 3:00 ਵਜੇ ਦੁਪਹਿਰ ਬਾਅਦ ਤੱਕ	16 ਦਸੰਬਰ 2022 ਨੂੰ ਦੁਪਹਿਰ ਬਾਅਦ 02:00 ਵਜੇ ਤੋਂ ਦੁਪਹਿਰ ਬਾਅਦ 3.00 ਵਜੇ ਤੱਕ
2	ਰਾਮੇਸ਼ਵਰ (ਕਰਜ਼ਦਾਰ) ਮੋਨਿਕਾ ਰਾਣੀ (ਸਹਿ ਕਰਜ਼ਦਾਰ) ਲੋਨ ਅਕਾਊਂਟ ਨੰ. LHPAT00001294228 NHPAT00001294231	ਐਚ ਨੰ.12-ਏ, ਮਜੀਠੀਆ ਇਨਕਲੇਵ, ਆਈਟੀਆਈ ਰੋਡ, ਪਟਿਆਲਾ-147001	ਰੁ. 77,83,199/ 10 ਨਵੰਬਰ 2022	ਰੁ 74,30,400/- ਰੁ 7,43,040/-	13 ਦਸੰਬਰ 2022 ਤੋਂ ਸਵੇਰੇ 11:00 ਵਜੇ ਤੋਂ 3:00 ਵਜੇ ਦੁਪਹਿਰ ਬਾਅਦ ਤੱਕ	16 ਦਸੰਬਰ 2022 ਨੂੰ ਦੁਪਹਿਰ ਬਾਅਦ 02:00 ਵਜੇ ਤੋਂ ਦੁਪਹਿਰ ਬਾਅਦ 3.00 ਵਜੇ ਤੱਕ

ਆਨਲਾਈਨ ਬੋਲੀ ਵੈਬਸਾਈਟ (URL Link-https://sarfaesi.auctiontiger.net/EPROC/) ਸਾਡੀ ਬੋਲੀ ਏਜੰਸੀ ਆਕਸ਼ਨ ਟਾਈਗਰ 'ਤੇ ਕੀਤੀ ਜਾਵੇਗੀ। ਰਹਿਣਨਾਮਾਕਾਰਾਂ/ਨੋਟਿਸੀ ਨੂੰ ਆਖਿਰੀ ਮੌਕਾ ਦਿੱਤਾ ਜਾਂਦਾ ਹੈ ਕਿ ਉਹ **15 ਦਸੰਬਰ 2022 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ** ਰਹਿੰਦੀ ਸਾਰੀ ਅਦਾਇਗੀ ਸਮੇਤ ਵਿਆਜ਼ ਕਰ ਦੇਣ ਨਹੀਂ ਤਾਂ ਇਹ ਸੁਰੱਖਿਅਤ ਅਸਾਸੇ ਦੱਸੇ ਸ਼ਡਿਊਲ ਮੁਤਾਬਕ ਨਿਲਾਮ ਕਰ ਦਿੱਤੇ ਜਾਣਗੇ।

ਇਛੁਕ ਬੋਲੀਕਾਰ (†) ਨੂੰ "ਸੰਪੱਤੀ ਦੀ ਖਰੀਦ ਲਈ ਉਕਤ ਦਰਸਾਈ ਬਿਆਨਾ ਰਕਮ (ਈਐਮਡੀ), ਡਿਮਾਂਡ ਡਰਾਫਟ (ਡੀਡੀ) (ਕਾਲਮ 'ਹ' ਵਿਚ ਦਿੱਤੇ ਹਵਾਲੇ ਅਨੁਸਾਰ) **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ., ਪਹਿਲੀ ਮੰਜ਼ਿਲ, ਐਸਸੀਓ-146-147, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001** 'ਤੇ ਅਤੇ ਉਸ ਤੋਂ ਬਾਅਦ ਆਪਣੀ ਪੇਸ਼ਕਸ ਸਮੇਤ ਈਐਮਡੀ ਰਕਮ ਦੇ ਪਰੂਫ ਵਜੋਂ ਬੈਂਕ ਵੱਲੋਂ ਜਾਰੀ ਡੀਡੀ ਦੀ ਸਕੈਨ ਕਾਪੀ ਕੇਵਲ ਉਕਤ ਦਰਸ਼ਾਈ ਵੈਬਸਾਈਟ ਰਾਹੀਂ ਹੀ **15 ਦਸੰਬਰ 2022 ਨੂੰ ਸ਼ਾਮ 04 ਵਜੇ ਤੋਂ ਪਹਿਲਾਂ** ਜਮਾਂ ਕਰਵਾਉਣੀ ਹੋਵੇਗੀ। ਕ੍ਰਿਪਾ ਨੋਟ ਕਰੋ, ਜੇਕਰ ਇਛੁੱਕ ਬੋਲੀਕਾਰ ਵੈਬਸਾਈਟ ਰਾਹੀਂ ਉਨ੍ਹਾਂ ਦੀ ਪੇਸ਼ਕਸ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਟੈਂਡਰ ਡਾਕੂਮੈਂਟਸ ਦੀ ਸਹੀਬੱਧ ਕਾਪੀ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ., ਪਹਿਲੀ ਮੰਜਿਲ, ਐਸਸੀਓ-146-147, ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001** ਵਿਖੇ **15 ਦਸੰਬਰ 2022 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ** ਜਮਾਂ ਕਰਵਾਉਣੀ ਪਵੇਗੀ। ਬਿਆਨਾ ਰਕਮ ਦਾ ਈਐਮਡੀ ਡੀਡੀ/ਪੀਓ **ਲੁਧਿਆਣਾ, ਪਟਿਆਲਾ** ਵਿਖੇ ਅਦਾਇਗੀਯੋਗ **"ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.-ਆਕਸ਼ਨ** ਦੇ ਪੱਖ ਵਿਚ ਕਿਸੇ ਕੌਮੀਕ੍ਰਿਤ/ਸੂਚੀਬਧ ਬੈਂਕ ਵਲੋਂ ਹੋਣਾ ਚਾਹੀਦਾ ਹੈ।

ਜਾਂਚ, ਨਿਲਾਮੀ ਦੇ ਨਿਯਮ ਤੇ ਸ਼ਰਤਾਂ ਜਾਂ ਟੈਂਡਰਾਂ ਦੀ ਪੇਸ਼ਕਸ਼ ਸਬੰਧੀ ਕਿਸੇ ਵੀ ਵਧੇਰੇ ਸਪਸ਼ਟੀਕਰਨ ਲਈ ਕ੍ਰਿਪਾ ਕਰਕੇ **ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮਟਿਡ** ਦੇ ਨਾਲ **7021072869** 'ਤੇ ਸੰਪਰਕ ਕਰੋ।

ਅਧਿਕਾਰਤ ਅਧਿਕਾਰੀ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਬਿਨਾਂ ਕੋਈ ਵੀ ਕਾਰਨ ਦੱਸੇ ਰੱਦ ਕਰਨ ਦਾ ਹੱਕ ਰਾਖਵਾਂ ਹੈ।

ਕਿਰਪਾ ਕਰਕੇ ਬੋਲੀ ਦੀਆਂ ਹੋਰ ਵਿਸਥਾਰਤ ਨਿਯਮ ਤੇ ਸ਼ਰਤਾਂ ਲਈ ਆਈਸੀਆਈਸੀਆਈ ਬੈਂਕ ਲਿਮ. ਦੀ ਵੈਬਸਾਈਟ ਦੇਖੋ।

ਵਿਕਰੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ https://www.icicihfc.com/ 'ਤੇ ਸੰਪਰਕ ਕਰੋ।

ਮਿਤੀ : 15 ਨਵੰਬਰ 2022
ਸਥਾਨ : ਲੁਧਿਆਣਾ, ਪਟਿਆਲਾ

ਸਹੀ/-
ਅਧਿਕਾਰਤ ਅਧਿਕਾਰੀ
ਆਈਸੀਆਈਸੀਆਈ ਹੋਮ ਫਾਈਨਾਂਸ ਕੰਪਨੀ ਲਿਮ.